**SET – 1**

**Series : TYM**

**ਕੋਡ ਨੰ. 42/1**

**ਰੋਲ ਨੰਬਰ** | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **6** ਪੰਨੇ **+ 1** ਨਕਸ਼ਾ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **26** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **6** printed pages + **1** Maps.
- Code number given on the right hand side of the question paper should be written on the title page of the answer-book by the candidate.
- Please check that this question paper contains **26** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸਮਾਜਿਕ ਵਿਗਿਆਨ
## (ਪੰਜਾਬੀ ਉਲਥਾ)
# SOCIAL SCIENCE
## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

***ਵਿਆਪਕ ਨਿਰਦੇਸ਼ :***

*(i) ਇਸ ਪ੍ਰਸ਼ਨ ਪੱਤਰ ਵਿੱਚ ਕੁੱਲ **26** ਪ੍ਰਸ਼ਨ ਹਨ । ਸਾਰੇ ਪ੍ਰਸ਼ਨ **ਜ਼ਰੂਰੀ** ਹਨ ।*

*(ii) ਹਰ ਪ੍ਰਸ਼ਨ ਦੇ ਸਾਮ੍ਹਣੇ ਉਸ ਲਈ ਨਿਰਧਾਰਿਤ ਅੰਕ ਲਿੱਖੇ ਹੋਏ ਹਨ ।*

*(iii) ਪ੍ਰਸ਼ਨ ਸੰਖਿਆ **1** ਤੋਂ 7 ਤੱਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇੱਕ ਪ੍ਰਸ਼ਨ **1** ਅੰਕ ਦਾ ਹੈ ।*

*(iv)* *ਪ੍ਰਸ਼ਨ ਸੰਖਿਆ **8** ਤੋਂ **18** ਤੱਕ ਹਰ ਇੱਕ ਪ੍ਰਸ਼ਨ **3** ਅੰਕ ਦਾ ਹੈ । ਇਨ੍ਹਾਂ ਵਿੱਚੋਂ ਹਰ ਇਕ ਪ੍ਰਸ਼ਨ ਦਾ ਉੱਤਰ **80** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(v)* *ਪ੍ਰਸ਼ਨ ਸੰਖਿਆ **19** ਤੋਂ **25** ਤੱਕ ਹਰ ਇੱਕ ਪ੍ਰਸ਼ਨ **5** ਅੰਕ ਦਾ ਹੈ । ਇਨ੍ਹਾਂ ਵਿੱਚੋਂ ਹਰ ਇਕ ਪ੍ਰਸ਼ਨ ਦਾ ਉੱਤਰ **100** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਸੰਖਿਆ **26** ਇਤਿਹਾਸ ਅਤੇ ਭੂਗੋਲ ਦੇ ਮਾਨਚਿੱਤਰ ਸੰਬੰਧੀ ਪ੍ਰਸ਼ਨ ਹੈ । ਇਸ ਦੇ **ਦੋ** ਭਾਗ **26 (A)** ਅਤੇ **26 (B)** ਹਨ । **26 (A), 2** ਅੰਕ ਦਾ ਇਤਿਹਾਸ ਨਾਲ ਅਤੇ **26 (B), 3** ਅੰਕ ਦਾ ਭੂਗੋਲ ਨਾਲ ਸੰਬੰਧਤ ਹਨ ।*

*(vii)* *ਪੂਰੇ ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹਨ । ਫਿਰ ਵੀ ਕਈ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਹਨ । ਅਜੇਹੇ ਸਾਰੇ ਪ੍ਰਸ਼ਨਾਂ ਵਿਚ ਹਰ ਇਕ ਤੋਂ ਇਕ ਹੀ ਵਿਕਲਪ ਹਲ ਕਰਨਾ ਹੈ ।*

1. 1885 ਵਿਚ ਯੂਰੋਪ ਦੇ ਤਾਕਤਵਰ ਦੇਸ਼ਾਂ ਦੀ ਬਰਲਿਨ ਵਿਚ ਬੈਠਕ ਕਿਉਂ ਹੋਈ ਸੀ ? **1**

**ਜਾਂ**

ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀਆਂ ਵਿਚ ਯੂਰੋਪੀ ਸ਼ੈਹਰਾਂ ਦੇ ਵਪਾਰੀ ਪਿੰਡਾ ਦੇ ਵਲ ਰੁਖ ਕਿਉਂ ਕਰਨ ਲੱਗੇ ਸਨ ?

**ਜਾਂ**

1887 ਵਿਚ ਲਿਵਰਪੂਲ ਦੇ ਇਕ ਸਮੁੰਦਰੀ ਜਹਾਜ ਦੇ ਮਾਲਕ ਚਾਰਲਸ ਬੂਥ ਨੇ ਈਸਟ ਏਂਡ (ਪੂਰਬੀ ਸਿਰੇ) ਵਿਚ ਲੰਦਨ ਦੇ ਥੋੜ੍ਹੀ ਨਿਪੁੰਨਤਾ ਵਾਲੇ ਮਜਦੂਰਾਂ ਦਾ ਪੈਹਲਾ ਸਮਾਜਕ ਸਰਵੇਖਣ ਕਿਉਂ ਕੀਤਾ ਸੀ ?

2. 'ਰੋਮਨ ਕੈਥਲਿਕ ਚਰਚ' ਨੇ ਪ੍ਰਕਾਸ਼ਕਾਂ ਅਤੇ ਪੁਸਤਕਾਂ ਵੇਚਣ ਵਾਲਿਆਂ ਉਪਰ ਬੰਦਸ਼ਾਂ ਕਿਉ ਲਗਾਈਆਂ ਸਨ ? **1**

**ਜਾਂ**

ਨਾਵਲ ਵਿਚ ਸਾਧਾਰਣ ਲੋਕਾਂ ਦੀ ਬੋਲੀ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ ?

3. ਉਤਪਤੀ ਦੇ ਅਧਾਰ 'ਤੇ ਸੰਸਾਧਨਾਂ ਦਾ ਵਰਗੀਕਰਨ ਕਰੋ । **1**

4. "ਚੁਣੌਤੀ ਕੋਈ ਮੁਸੀਬਤ ਨਹੀਂ ਹੈ, ਬਲਕਿ ਤਰੱਕੀ ਦਾ ਇਕ ਮੌਕਾ ਹੈ ।" ਕਥਨ ਦਾ ਵਿਸ਼ਲੇਸ਼ਣ ਕਰੋ । **1**

5. ਵਿਕਾਸ ਦੇ ਲਈ ਆਮਦਨ ਤੋਂ ਇਲਾਵਾ ਕਿਸੇ ਦੋ ਟੀਚਿਆਂ ਦਾ ਵਰਣਨ ਕਰੋ । **½ + ½ = 1**

6. ਜਦੋਂ ਅਸੀਂ ਕੁਦਰਤੀ ਸੰਸਾਧਨਾਂ (ਸਰੋਤਾਂ) ਦੀ ਵਰਤੋਂ ਕਰਕੇ ਸਮਾਨ ਬਣਾਉਂਦੇ ਹਾਂ ਤਾਂ ਇਸ ਤਰ੍ਹਾਂ ਦੀਆਂ ਸਰਗਰਮੀਆਂ ਕਿਹੜੇ ਆਰਥਕ ਖੇਤਰਕ ਦੇ ਅਧੀਨ ਆਂਉਂਦੀਆਂ ਹਨ ? **1**

7. ਸਾਖ (ਉਧਾਰ) ਦੇ ਅਨਉਪਚਾਰਕ ਖੇਤਰਕ ਦੇ ਕੋਈ ਦੋ ਉਦਾਹਰਣ ਦਿਓ । **½ + ½ = 1**

8. 1890 ਦੇ ਦਹਾਕੇ ਵਿਚ ਅਫਰੀਕਾ ਦੇ ਲੋਕਾਂ ਦੇ ਜੀਵਨ ਨਿਰਬਾਹ (ਰੁਜ਼ਗਾਰ) ਅਤੇ ਸਥਾਨਕ ਅਰਥ ਵਿਵਸਥਾ ਉਪਰ 'ਟਿੰਡਰਪੇਸਟ' ਦੇ ਪਏ ਹੋਏ ਪ੍ਰਭਾਵਾਂ ਦਾ ਵਰਣਨ ਕਰੋ । **3 × 1 = 3**

**ਜਾਂ**

19ਵੀਂ ਸ਼ਤਾਬਦੀ ਵਿਚ ਬੁਣਕਰਾਂ (ਜੁਲਾਹਿਆਂ) ਦੀਆਂ ਕਿਸੇ ਤਿੰਨ ਪ੍ਰਮੁਖ ਸਮਸਿਆਵਾਂ ਦਾ ਬਿਓਰਾ ਦਿਓ ।

**ਜਾਂ**

19ਵੀਂ ਸ਼ਤਾਬਦੀ ਦੇ ਸਮੇਂ ਲੰਦਨ ਨੂੰ ਸਾਫ ਸੁਥਰਾ ਕਰਨ ਦੇ ਲਈ ਚੁੱਕੇ ਗਏ ਕਿਸੇ ਤਿੰਨ ਕਦਮਾਂ ਦਾ ਬਿਓਰਾ ਦਿਓ ।

9. "'ਛਾਪਾਖਾਨਾ (ਮੁਦਰਣ) ਕਰਾਂਤੀ' ਨੇ ਸੂਚਨਾ (ਜਾਣਕਾਰੀ) ਅਤੇ ਗਿਆਨ ਨਾਲ ਲੋਕਾਂ ਦੇ ਸੰਬੰਧ ਨੂੰ ਬਦਲ ਕੇ ਉਨ੍ਹਾਂ ਦੀ ਜਿੰਦਗੀ ਵਿਚ ਇਕ ਬਦਲਾਵ ਲੈ ਆਂਦਾ ਸੀ ।" ਕਥਨ ਦੀ ਸਮੀਖਿਆ ਕਰੋ । **3 × 1 = 3**

**ਜਾਂ**

ਜੇਨ ਆਸਟਿਨ ਅਤੇ ਸ਼ਾਰਲਾਟ ਬ੍ਰਾਂਟ ਰਾਹੀਂ ਕਰਮਵਾਰ ਲਿਖੇ 'ਪ੍ਰਾਇਡ ਐਂਡ ਪ੍ਰੇਜਉਡਿਸ' ਅਤੇ 'ਜੇਨ ਆਯਰ' ਨਾਵਲਾਂ ਦੀ ਵਿਸ਼ਾ ਵਸਤੂ ਵਿਚ ਅੰਤਰ ਸਪਸ਼ਟ ਕਰੋ ।

10. ਭਾਰਤ ਵਿਚ ਉਦਯੋਗਾਂ ਦੀ ਵਧਦੀ ਹੋਈ ਗਿਣਤੀ ਦੇ ਕਾਰਨ ਮੌਜੂਦਾ ਤਾਜ਼ੇ ਪਾਣੀ ਦੇ ਸਰੋਤਾਂ ਪਰ ਦਬਾ ਕਿਵੇਂ ਵਧ ਰਿਹਾ ਹੈ ? ਵਿਆਖਿਆ ਕਰੋ । **3 × 1 = 3**

11. "ਸੰਘਣੇ ਅਤੇ ਪਰਭਾਵਸ਼ਾਲੀ ਆਵਾਜਾਈ ਸਾਧਨਾਂ ਦਾ ਜਾਲ ਸਥਾਨਕ ਅਤੇ ਰਾਸ਼ਟਰੀ ਵਿਕਾਸ ਦੇ ਲਈ ਪੈਹਲੀ ਲੋੜ ਹੈ ।" ਕਥਨ ਦੀ ਸਮੀਖਿਆ ਕਰੋ । **3 × 1 = 3**

12. ਤੀਸਰੇ ਪ੍ਰਕਾਰ ਦੀ ਸ਼ਾਸਨ ਵਿਵਸਥਾ ਨੂੰ ਵਧੇਰੇ ਅਸਰਕਾਰ ਅਤੇ ਤਾਕਤਵਰ ਬਨਾਉਣ ਦੇ ਲਈ 1992 ਵਿਚ ਭਾਰਤੀ ਸੰਵਿਧਾਨ ਵਿਚ ਕੀਤੇ ਗਏ ਸੰਸ਼ੋਧਨ ਦੀਆਂ ਕਿਸੇ ਤਿੰਨ ਗੁੰਜਾਇਸ਼ਾਂ (ਪ੍ਰਾਵਧਾਨਾਂ) ਦਾ ਵਿਓਰਾ ਦਿਓ । **3 × 1 = 3**

13. ਸਮਾਜਕ ਵੰਡ ਦੀ ਰਾਜਨੀਤੀ ਦੇ ਨਤੀਜਿਆਂ ਦਾ ਨਿਰਧਾਰਨ ਕਰਨ ਵਾਲੇ ਤਿੰਨ ਕਾਰਕਾਂ ਦੀ ਵਿਆਖਿਆ ਕਰੋ । **3 × 1 = 3**

14. "ਧਰਮ ਨਿਰਪੇਖਤਾ ਕੁਝ ਲੋਕਾਂ ਜਾਂ ਪਾਰਟੀਆਂ ਦੀ ਇਕ ਵਿਚਾਰਧਾਰਾ ਮਾਤਰ ਨਹੀਂ ਹੈ । ਇਹ ਵਿਚਾਰ ਸਾਡੇ ਸੰਵਿਧਾਨ ਦਾ ਅਧਾਰ ਹੈ ।" ਇਸ ਕਥਨ ਦੀ ਪਰਖ ਕਰੋ । **3 × 1 = 3**

15. ਵਿਕਾਸ ਦੇ ਲਈ ਕਾਇਮ ਰੱਖਣ (ਲਗਾਤਾਰਤਾ) ਦਾ ਮੁੱਦਾ ਕਿਵੇਂ ਖਾਸ ਹੈ ? ਉਦਾਹਰਣਾਂ ਦੇ ਕੇ ਵਿਆਖਿਆ ਕਰੋ । **3 × 1 = 3**

16. ਸੰਗਠਿਤ ਅਤੇ ਅਸੰਗਠਿਤ ਖੇਤਰਾਂ ਦੀਆਂ ਸੇਵਾ ਸ਼ਰਤਾਂ ਵਿਚ ਅੰਤਰ ਸਪਸ਼ਟ ਕਰੋ । **3 × 1 = 3**

17. ਸਮਤਾ ਅਤੇ ਸਮਰੱਥਾ ਦੇ ਮੁਤਾਬਿਕ ਕਰਜ਼ ਦੇਸ਼ ਦੇ ਵਿਕਾਸ ਦੇ ਲਈ ਜ਼ਰੂਰੀ ਕਿਉਂ ਹੈ ? ਕਿਸੇ ਤਿੰਨ ਕਾਰਨਾਂ ਦੀ ਵਿਆਖਿਆ ਕਰੋ ? **3 × 1 = 3**

18. ਬਾਜਾਰ ਵਿਚ ਸ਼ੋਸ਼ਣ ਤੋ ਬਚਾਉਣ ਦੇ ਲਈ ਉਪਭੋਗਤਾਵਾਂ ਵਿਚ ਸਚੇਤਨਤਾ ਕਿਵੇਂ ਫੈਲਾਈ ਜਾ ਸਕਦੀ ਹੈ ? ਕਿਸੇ ਤਿੰਨ ਤਰੀਕਿਆਂ ਨੂੰ ਸਪਸ਼ਟ ਕਰੋ । **3 × 1 = 3**

19. ਯੂਰੋਪ ਵਿਚ 1871 ਤੋਂ ਪਿੱਛੋਂ ਬਾਲਕਨ ਖੇਤਰ ਵਿਚ ਬਣੀਆਂ ਵਿਸਫੋਟਕ ਹਾਲਾਤਾਂ ਦਾ ਵਰਣਨ ਕਰੋ । **5 × 1 = 5**

**ਜਾਂ**

ਵਿਯਤਨਾਮ ਵਿਚ ਬਸਤੀਵਾਦ ਦੇ ਵਿਰੁਧ ਭਾਵਨਾਵਾਂ ਦੇ ਵਿਕਾਸ ਵਿਚ ਵੱਖੋ ਵੱਖ ਧਾਰਮਕ ਸਮੂਹਾਂ ਦੀ ਭੂਮਿਕਾ ਦਾ ਬਿਓਰਾ ਦਿਓ ।

20. 'ਨਾਮਿਲਵਰਤਨ ਅੰਦੋਲਨ' ਸ਼ੈਹਰੀਮੱਧ ਵਰਗ ਦੇ ਲੋਕਾਂ ਦੀ ਹਿੱਸੇਦਾਰੀ ਦੇ ਨਾਲ ਕਿਵੇਂ ਸ਼ੁਰੂ ਹੋਇਆ ? ਆਰਥਕ ਮੋਰਚੇ ਉਪਰ ਇਸਦੇ ਪ੍ਰਭਾਵਾਂ ਦੀ ਵਿਆਖਿਆ ਕਰੋ । **2 + 3 = 5**

**ਜਾਂ**

ਕਾਂਗਰੇਸ ਆਪਣੇ ਸੰਗਠਨ ਵਿਚ ਇਸਤ੍ਰੀਆਂ ਨੂੰ ਕਿਸੇ ਵੀ ਉੱਚੀ ਪਦਵੀ ਤੇ ਥਾਂ ਦੇਣ ਲਈ ਕਿਉਂ ਝਿਜਕਦੀ ਰਹੀ ? ਇਸਤ੍ਰੀਆਂ ਨੇ ਸਨਿਮਰ ਅਵੱਗਿਆ ਅੰਦੋਲਨ ਵਿਚ ਕਿਵੇਂ ਹਿੱਸਾ ਲਿਆ ? ਸਪਸ਼ਟ ਕਰੋ ।

21. "1980 ਅਤੇ 1990 ਦੇ ਦਹਾਕਿਆਂ ਵਿਚ ਭਾਰਤ ਸਰਕਾਰ ਨੇ ਖੇਤੀ ਬਾੜੀ ਦੇ ਸੁਧਾਰ ਦੇ ਲਈ ਅਨੇਕਾਂ ਸੰਸਥਾਗਤ ਅਤੇ ਟੇਕਨੋਲੋਜੀਕਲ (ਉਦਯੋਗਕੀ) ਸੁਧਾਰਾਂ ਦੀ ਅਰੰਭਤਾ ਕੀਤੀ ।" ਇਸ ਕਥਨ ਦੀ ਉਦਾਹਰਣਾ ਦੇ ਕੇ ਪੁਸ਼ਟੀ ਕਰੋ । **5 × 1 = 5**

**ਜਾਂ**

ਭਾਰਤ ਵਿਚ ਪ੍ਰਚਲਤ 'ਸੰਘਣੀ ਨਿਰਬਾਹ ਖੇਤੀ' ਅਤੇ 'ਵਪਾਰਕ ਖੇਤੀ' ਦੇ ਦਰਮਿਆਨ ਤੁਲਨਾ ਕਰੋ ।

22. ਕਿਸੇ ਦੇਸ਼ ਦੀ ਆਰਥਕ ਸ਼ਕਤੀ ਉਸਦੇ ਵੱਡੇ ਪੱਧਰ ਤੇ ਨਿਰਮਾਣ ਵਾਲੇ ਉਦਯੋਗਾਂ ਦੇ ਵਿਕਾਸ ਨਾਲ ਕਿਉਂ ਮਾਪੀ ਜਾਂਦੀ ਹੈ ? ਉਦਾਹਰਣਾਂ ਦੇ ਕੇ ਸਪਸ਼ਟ ਕਰੋ । **5 × 1 = 5**

23. ਲੋਕ ਤੰਤਰ ਵਿਚ ਰਾਜਨੀਤਕ ਦਲਾਂ ਦੇ ਕਿਸੇ ਪੰਜ ਪ੍ਰਮੁਖ ਕੰਮਾਂ ਦਾ ਵਰਣਨ ਕਰੋ । **5 × 1 = 5**

24. "ਕਿਸੇ ਵਿਅਕਤੀ ਦੀ ਅਜ਼ਾਦੀ ਅਤੇ ਸਨਮਾਨ ਦੇ ਮਾਮਲੇ ਵਿਚ ਲੋਕਤੰਤਰੀ ਵਿਵਸਥਾ ਕਿਸੇ ਵੀ ਹੋਰ ਸ਼ਾਸਨ ਪ੍ਰਣਾਲੀ ਤੋਂ ਵਧੇਰੇ ਉੱਤਮ ਹੈ ।" ਇਸ ਕਥਨ ਨੂੰ ਉਚਿਤ ਠੈਹਰਾਓ । **5 × 1 = 5**

**ਜਾਂ**

"ਲੋਕਤੰਤਰੀ ਸ਼ਾਸਨ ਵਿਵਸਥਾਵਾਂ ਸ਼ਾਂਤੀ ਅਤੇ ਸਦਭਾਵ ਵਾਲਾ ਜੀਵਨ ਜੀਉਣ ਦੇ ਲਈ ਨਾਗਰਕਾਂ ਦੇ ਲਈ ਮਦਦਗਾਰ ਸਾਬਤ ਹੁੰਦੀਆਂ ਹਨ ।" ਇਸ ਕਥਨ ਨੂੰ ਉਚਿਤ ਠੈਹਰਾਓ ।

25. ਵਿਦੇਸ਼ੀ ਵਪਾਰ ਕਿਵੇਂ ਵੱਖੋ ਵੱਖ ਦੇਸ਼ਾਂ ਦੇ ਬਜਾਰਾਂ ਦਾ ਏਕੀ ਕਰਨ ਕਰ ਰਿਹਾ ਹੈ ? ਉਦਾਹਰਣਾਂ ਦੇ ਕੇ ਵਿਆਖਿਆ ਕਰੋ । **5 × 1 = 5**

**ਜਾਂ**

ਅਸੀਂ ਆਪਣੀ ਰੋਜ਼ਾਨਾ ਜਿੰਦਗੀ ਉਪਰ ਵਿਸ਼ਵੀਕਰਣ ਦੇ ਪ੍ਰਭਾਵਾਂ ਨੂੰ ਕਿਵੇਂ ਮਹਿਸੂਸ ਕਰਦੇ ਹਾਂ ? ਉਦਾਹਰਣਾਂ ਦੇ ਕੇ ਵਿਆਖਿਆ ਕਰੋ ।

26. (A) ਦੋ ਲੱਛਣ a ਅਤੇ b ਭਾਰਤ ਦੇ ਦਿਤੇ ਗਏ ਰਾਜਨੀਤਕ ਰੇਖਾ–ਮਾਨਚਿੱਤਰ ਵਿਚ ਦਰਸਾਏ ਗਏ ਹਨ । ਇਨ੍ਹਾਂ ਲਛਣਾਂ ਨੂੰ ਹੇਠ ਦਿਤੀ ਜਾਣਕਾਰੀ ਦੀ ਮਦਦ ਨਾਲ ਪਛਾਣੋ ਅਤੇ ਉਨ੍ਹਾਂ ਦੇ ਨਾਮ ਮਾਨ ਚਿੱਤਰ ਉਪਰ ਖਿੱਚੀਆ ਗਈਆਂ ਰੇਖਾਵਾਂ ਉਪਰ ਲਿੱਖੋ : **2 × 1 = 2**

(a) ਉਹ ਥਾਂ ਜਿਥੇ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ ਹੋਇਆ ਸੀ ।

(b) ਉਹ ਥਾਂ ਜਿੱਥੇ ਗਾਂਧੀ ਜੀ ਨੇ ਸੂਤੀ ਮਿਲ ਦੇ ਮਜਦੂਰਾਂ ਦੇ ਪੱਖ ਵਿਚ ਸਤਿਆਗਰਹਿ ਕੀਤਾ ਸੀ ।

(B) ਉਸ ਹੀ ਦਿੱਤੇ ਗਏ ਭਾਰਤ ਦੇ ਰੇਖਾ–ਮਾਨਚਿੱਤਰ ਵਿਚ ਹੇਠ ਲਿਖਿਆਂ ਨੂੰ ਢੁਕਵੇਂ ਚਿਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਵੀ ਲਿੱਖੋ : **3 × 1 = 3**

(i) ਰਾਜਾ ਸਾਂਸੀ ਅੰਤਰਰਾਸ਼ਟਰੀ ਹਵਾਈ ਅੱਡਾ

(ii) ਭਦਰਾਵਤੀ ਲੋਹਾ ਅਤੇ ਸਟੀਲ ਕਾਰਖਾਨਾ

(iii) ਪੱਛਮੀ ਬੰਗਾਲ ਦਾ ਸਾਫਟਵੇਯਰ ਟੇਕਨੋਲੋਜੀ ਪਾਰਕ

**ਨੋਟ : ਹੇਠ ਲਿੱਖੇ ਪ੍ਰਸ਼ਨ ਸਿਰਫ ਦਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ ਦੇ ਲਈ ਪ੍ਰਸ਼ਨ ਸੰਖਿਆ 26 ਦੇ ਥਾਂ ਬਦਲਵੇਂ ਪ੍ਰਸ਼ਨ ਹਨ : 5 × 1 = 5**

(i) ਉਸ ਰਾਜ ਦਾ ਨਾਮ ਲਿੱਖੋ ਜਿੱਥੇ ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾ ਨੇ ਸਤਿਆਗਰਹਿ ਕੀਤਾ ਸੀ ।

(ii) ਉਸ ਰਾਜ ਦਾ ਨਾਮ ਲਿੱਖੋ ਜਿੱਥੇ ਗਾਂਧੀ ਜੀ ਨੇ ਨਮਕ ਕਨੂੰਨ ਤੋੜਿਆ ਸੀ ।

(iii) ਉਸ ਰਾਜ ਦਾ ਨਾਮ ਲਿਖੋ ਜਿੱਥੇ ਰਾਜਾ ਸਾਂਸੀ ਅੰਤਰਰਾਸ਼ਟਰੀ ਹਵਾਈ ਅੱਡਾ ਸਥਿਤ ਹੈ ।

(iv) ਉਸ ਰਾਜ ਦਾ ਨਾਮ ਲਿਖੋ ਜਿੱਥੇ ਸਲੇਮ ਲੋਹਾ ਅਤੇ ਸਟੀਲ ਪਲਾਂਟ ਸਥਿਤ ਹੈ ।

(v) ਉਸ ਰਾਜ ਦਾ ਨਾਮ ਲਿਖੋ ਜਿੱਥੇ ਨਰੋਰਾ ਆਣਵਿਕ ਊਰਜਾ ਪਲਾਂਟ (ਨਯੁਕਲਿਯਰ ਪਾਵਰ ਪਲਾਂਟ) ਸਥਿਤ ਹੈ ।

---

ਯਹਾਁ ਸੇ ਕਾਟੇਂ ---- Cut Here ---- ਯਹਾਁ ਸੇ ਕਾਟੇਂ ---- Cut Here

ਪ੍ਰਸ਼ਨ ਸੰਖਿਆਂ 26 ਦੇ ਲਈ ਮਾਨਚਿੱਤਰ

**Map for Q. No. 26**

ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

**Outline Map of India (Political)**

